# ਮੇਰੇ ਸੁਪਨੇ

"………………………ਬਾਲਣ ਹੱਥੋਂ ਸੌਂਦੀ ਅੱਗ ਵਾਂਗ ਸੌਂ ਗਏ"

SARDAR DYAL SINGH LAHORE LIBRARY

LAHORE BOOK SHOP NISBET ROAD LAHORE

ਪ੍ਰਕਾਸ਼.

ਤੂੰ ਇਹ ਕਿਹਾ "ਇਹ ਕੋਠੀ ਮੈਂ ਕੇਵਲ ਤੈਨੂੰ ਅੱਖਾਂ ਅੱਗੇ ਰੱਖ ਕੇ ਤੇਰੇ ਲਈ ਹੀ ਬਨਾਈ ਹੈ ਤੇ ਮੈਂ ਨਹੀਂ ਚਾਂਹਦਾ ਇਸ ਵਿਚ ਕੋਈ ਹੋਰ ਆ ਕੇ ਰਹਵੇ"।

ਸੁਰਿੰਦਰ ਤੂੰ ਆਪ ਸਮਝ ਲੈ ਤੈਨੂੰ ਇਸ ਮੁਆਮਲੇ ਸੰਬੰਧੀ ਭੁਲੇਖੇ ਵਿਚ ਰਖਣਾ ਮੇਰੇ ਲਈ ਕਿੰਨਾਂ ਕਠਣ ਸੀ, ਪਰ ਮੈਂ ਉਸ ਸਮੇਂ ਕੁਝ ਨਹੀਂ ਸਾਂ ਦੱਸ ਸਕਦੀ ਕਿਉਂ ਜੋ ਮੈਨੂੰ ਪ੍ਰੋਫੈਸਰ ਸਾਹਿਬ ਦਾ ਬੜਾ ਖ਼ਿਆਲ ਸੀ ਤੇ ਰਖਣਾ ਚਾਂਹਦੀ ਸਾਂ। ਇਸੇ ਕਰਕੇ ਗਰਮੀਆਂ ਸਾਰੀਆਂ ਤੈਨੂੰ ਮਿਲਣ ਤੋਂ ਬੀ ਜਚਦੀ ਰਹੀ। ਇਸ ਰਾਜ਼ ਦਾ ਇਸਤੋਂ ਵਧ ਛੁਪਾਣਾ ਮੇਰੇ ਲਈ ਅਸੰਭਵ ਸੀ, ਖ਼ਾਸ ਕਰ ਉਨ੍ਹਾਂ ਮੌਕਿਆਂ ਤੇ ਜਦ ਤੇਰੀਆਂ ਅੱਖਾਂ ਮੇਰੀਆਂ ਵਿਚ ਵੇਖਦੀਆਂ ਤੇ ਕੁਝ ਪੁਛਦੀਆਂ।

ਇਸ ਕੋਠੀ ਵਿਚ ਰਹਿਣ ਵਾਲੀ ਮੇਰੀ ਕੋਈ ਸਹੇਲੀ ਨਹੀਂ ! ਮੈਂ ਹੀ ਹਾਂ – ਮੈਂ ਇਕੱਲੀ ਹੀ ਇਥੇ ਰਹਵਾਂਗੀ।

ਹੁਣ ਇਹ ਕਹਿਣ ਵਿਚ ਮੈਨੂੰ ਕੋਈ ਲਾਭ ਨਹੀਂ ਭਾਸਦਾ ਕਿ ਮੇਰੀ ਇਹ ਭੇਦ ਦੱਸਣ ਦੀ ਅਸਮਰਥਾ ਤੋਂ ਨਰਾਜ਼ ਨਾ ਹੋਣਾ। ਕਿਉਂਕਿ ਜੇ ਸਚ ਮੁਚ ਤੂੰ ਨਰਾਜ਼ ਨ ਹੋਵੇਂ ਤਾਂ ਤੂੰ ਉਹ ਕੁਝ ਨਹੀਂ ਜੋ ਕੁਝ ਮੈਂ ਸਮਝਦੀ ਆਈ ਹਾਂ।

ਸੁਰਿੰਦਰ ਤੂੰ ਅਜੇ ਜਵਾਨ ਹੈਂ। ਜੀਵਣ ਤੇਰੇ ਅੱਗੇ ਹੈ। ਮੈਂ ਜਵਾਨੀ ਲੰਘ ਚੁੱਕੀ ਹਾਂ। ਥੋੜੇ ਹੀ ਸਾਲਾਂ



ਵਿਚ ਉਹ ਸਮਾਂ ਆ ਜਾਇਗਾ ਕਿ ਤੇਰੇ ਦਿਲ ਤੇ ਜਜ਼ਬਾਤ ਵਿਚ ਇੰਨੀ ਤਬਦੀਲੀ ਆ ਜਾਇਗੀ ਕਿ ਤੇਰੇ ਲਈ ਇਹ ਪਛਾਨਣਾ ਔਖਾ ਹੋ ਜਾਏਗਾ ਕਿ ਮੈਂ ਉਹੀ ਹਾਂ ਜੇਹੜੀ

"ਸਭ ਸੰਸਾਰ ਵਿਚੋਂ ਇਕ ਇਕੱਲੀ ਤੇਰੇ ਲਈ ਹੀ ਸਾਂ"

– ਇਹ ਤੇਰੀ ਜਵਾਨੀ ਤੈਨੂੰ ਦੁਖਤ ਕਰਣ ਲਈ ਨਹੀਂ ਪੜਚੋਲ ਰਹੀ – ਉਹ ਜਵਾਨੀ ਜਿਸਤੋਂ ਤੈਨੂੰ ਮੇਰੇ ਕਰਕੇ ਨਫ਼ਰਤ ਹੈ ! ਮੈਂ ਜਾਣਦੀ ਹਾਂ ਤੇਰਾ ਇਰਾਦਾ ਪੱਕਾ ਹੈ ਪਰ ਇਸ ਗਲ ਦਾ ਬੀ ਡਰ ਹੈ ਕਿ ਜ਼ਿੰਦਗੀ ਦੇ ਨਿਯਮ ਤੇ ਸਮੇਂ ਦੀ ਚਾਲ ਬੀ ਅਰੁਕ ਹਨ।

ਜਦ ਮੈਂ ਇਕ ਇਕੱਲੀ ਤਲਾਕੀ ਹੋਈ ਉਸ ਕੋਠੀ ਵਿਚ ਨਿਵਾਸ ਕਰਾਂਗੀ ਜਿਹੜੀ ਤੂੰ ਮੇਰੇ ਲਈ ਆਪ ਬਨਾਈ, ਮੈਂ ਹਰ ਵਕਤ ਤੇਰਾ ਹੀ ਚੇਤਾ ਕਰਾਂਗੀ। ਮੇਰਾ ਦਿਲ ਤੇਰਾ ਉਹ ਧਨਵਾਦ ਕਰੇਗਾ ਜੇਹੜਾ ਲਿਖਣ ਵਿਚ ਨਹੀਂ ਆ ਸਕਦਾ।

ਮੈਂ ਤੈਨੂੰ ਚਿੱਠੀ ਪੱਤ੍ਰ ਤੋਂ ਮਨਾਂਹ ਨਹੀਂ ਕਰਦੀ ਪਰ ਅੰਤਮ ਪੱਤ੍ਰ ਤੋਂ ਸਿਵਾ ਮੈਂ ਹੋਰ ਕੁਝ ਨਹੀਂ ਚਾਹਵਾਂਗੀ। ਕੋਈ ਚਿੱਠੀ ਪੱਤ੍ਰ ਉਹ ਖ਼ੁਸ਼ੀ ਵਾਪਸ ਨਹੀਂ ਲਿਆ ਸਕਦੇ ਜਿਹੜੀ ਅਸੀ ਇਕੱਠੇ ਗੁਜ਼ਰੇ ਸਮਿਆਂ ਵਿਚ ਮਾਣੀ, ਜਦ ਕਈ ਕਈ ਘੰਟੇ ਇਕੱਠੇ ਬੈਠੇ ਹਰ ਵਿਸ਼ੇ ਤੇ ਗਲਾਂ ਕਰਦੇ ਨਹੀਂ ਰਜਦੇ ਸੀ।

ਮੇਰੇ ਅੰਦਰ ਕੋਈ ਭੁੱਖ ਜਹੀ ਹੈ ਤੇ ਯਕੀਨ ਨਹੀਂ

ਕੀਤਾ ਜਾ ਸਕਦਾ ਕਿ ਅਸਾਂ ਰੱਜਕੇ ਮੌਜ ਮਾਣੀ ਹੋਵੇ......... ਇਕ ਦੂਜੇ ਤੋਂ ਅੱਕਨਾਂ ਤੇ ਕਿਤੇ ਰਿਹਾ ਅਜੇ ਇਕੱਠੇ ਬੈਠਣ ਦੀ ਰੀਝ ਬੀ ਨਹੀਂ ਲੱਥੀ.........ਜੇ ਮੇਰੇ ਇਸ ਵਿਛੋੜੇ ਦਾ ਅਸਰ ਕੋਈ ਦੁੱਖ, ਨਾਕਾਮੀ ਜਾਂ ਅਫ਼ਸੋਸ ਹੋਵੇ ਤਾਂ ਆਪਣੇ ਆਪ ਨੂੰ ਕੰਮ ਵਿਚ ਗਵਾ ਦੇਹ ਤਾਂ ਜੋ ਮੈਂ ਆਪਣੀ ਇਕੱਲ ਵਿਚ ਬੀ ਤੇਰੇ ਤੇ ਮਾਣ ਕਰ ਸਕਾਂ।

ਸੁਰਿੰਦਰ! ........... ਤੂੰ ਮੈਨੂੰ ਅੱਖਾਂ ਰਾਹ ਵੇਖਣਾਂ ਸਿਖਾਇਆ। ਮੈਨੂੰ ਇਹ ਸੂਝ ਤੇਰੇ ਕੋਲੋਂ ਹੀ ਆਈ ਕਿ ਇਸ ਮਿੱਠੀ ਤੇ ਸੋਹਣੀ ਦੁਨੀਆਂ ਵਿਚ ਬਹੁਤ ਕੁਝ ਹੈ ਜੇਹੜਾ ਤੂੰ ਵੇਖਣ ਦੀ ਜਾਚ ਦੱਸੀ। ਤੇ ਹੁਣ ਮੈਂ ਵੇਖਣਾ ਚਾਂਹਦੀ ਹਾਂ। ਤੂੰ ਮੈਨੂੰ ਜੀਵਣ ਤੋਂ ਉਚੇਰਾ ਕੁਝ ਹੋਰ ਦਿੱਤਾ ......... ਪਰ ...... ਮੇਰੇ ਲਈ ਸਭ ਤੋਂ ਚੰਗਾ ਰਾਹ ਇਹ ਹੈ ਕਿ ਮੈਂ ਆਪਣਾ ਆਪ ਆਪਣੀ ਚੁਣੀ ਹੋਣੀ ਨੂੰ ਸੌਂਪ ਦਿਆਂ ਤੇ ਜੀਵਣ-ਖੇਡ ਇਥੇ ਹੀ ਮੁਕਾ ਦਿਆਂ।

ਮੈਂ ਆਪਣੀ ਕੋਠੀ ਦਾ ਦਰਵਾਜ਼ਾ ਬੰਦ ਕਰ ਲਿਆ ਹੈ ਤੇ ਮੇਰੀ ਸੰਸਾਰਕ ਵਿਥਿਆ ਇਥੇ ਹੀ ਮੁਕ ਜਾਂਦੀ ਹੈ। ਅੱਗੋਂ ਘੁੱਪ ਅਨ੍ਹੇਰ ਹੈ ਜਿਸ ਵਿਚ ਚਾਨਣੇ ਦੀ ਕੋਈ ਕਿਰਣ ਬਾਕੀ ਨਜ਼ਰ ਨਹੀਂ ਆਉਂਦੀ ਤੇ ਮੈਂ ਨਿਰਾਸ ਆਪਨੇ ਦਿਨ ਉਡੀਕ ਰਹੀ ਹਾਂ।

ਤੇਰੀ

'ਕਮਲ'

## ਬਨਵਾਸ

ਆਪਣੇ ਟਾਪੂ ਤੇ ਪੁਜ ਗਈ ਹਾਂ। ਤੇ ਅਜ ਸਾਰਾ ਦਿਨ ਰੱਜ ਕੇ ਸੁਤੀ ਤੇ ਜੀਵਨ ਭਰ ਦੀ ਥਕਾਵਟ ਲਾਹਈ ਪ੍ਰਮਾਤਮਾ ਅਗੋਂ ਔਣ ਵਾਲਿਆਂ ਵਿਚ ਮੇਰਾ ਸਹਾਇਕ ਹੋਵੇ। ਨਵੀਂ ਲਕੱੜ ਦੀ ਬੋ, ਕੰਧਾਂ ਦਾ ਅਧਸੁੱਕਾ ਰੰਗ, ਸਭ ਜੀਅ ਉਕਸਾਂਦੇ ਹਨ ਤੇ ਸਭ ਤੋਂ ਵੱਧ ਸ਼ੀਸ਼ੇ ਦੀ ਛਤ ਤੇ ਪੈਣ ਵਾਲੀ ਮੀਂਹ ਦੀ ਕਿਣ ਮਿਣ।

ਮੈਂ ਡਰਦੀ ਹਾਂ ਇਸ ਕੱਚੇ ਜਹੇ ਛਤ ਹੇਠ ਸੌਣ ਦੀ ਸ਼ੁਦਾ ਤੰਗ ਨ ਕਰੇ। ਭਾਵੇਂ ਕਦੀ ਬੀ ਚੋਣ ਲਗ ਪਵੇ। ਸੰਭਵ ਹੈ ਘੂਕ ਸੁਤੀ ਪਈ ਤੇ ਸੀਸ਼ਿਆਂ ਦਿਆਂ ਜੋੜਾਂ ਵਿਚੋਂ ਪਾਣੀ ਚੋ ਚੋ ਬਿਸਤਰਾ ਗੋਤ ਹੋ ਜਾਏ। ਜਦ ਜਾਗਾਂ ਤੇ ਪਾਣੀ ਦੇ ਛਪੜ ਵਿਚ ਪਈ ਹੋਵਾਂ।

ਜਾਗਾਂ? ਜਾਗਾਂ ਤਦ ਜੇ ਸੌਂਦੀ ਹੋਵਾਂ। ਮੇਰੇ ਸਿਰ ਵਿਚੋਂ ਥਕਾਵਟ ਨਾਲ ਚੀਸਾਂ ਉਠ ਰਹੀਆਂ ਹਨ ਪਰ ਬਿਸਤਰੇ ਵਿਚ ਲੇਟਣ ਦਾ ਅਜੇ ਤਕ ਖ਼ਿਆਲ ਨਹੀਂ ਆਇਆ।

ਪਿਛਲੇ ਸਾਲ ਤੋਂ ਹਰ ਇਕ ਗੱਲ ਹਰ ਪਹਿਲੂ ਤੋਂ ਸੋਚਣ ਦਾ ਕਾਫ਼ੀ ਸਮਾਂ ਮਿਲਿਆ ਪਰ ਮੈਂ ਹੁਨ ਹੈਰਾਨ ਹਾਂ ਇਹ ਮੈਂ ਕਰ ਕੀ ਬੈਠੀ। ਮੇਰੇ ਅੰਦਰੋਂ ਇਕ ਸੂਖਸ਼ਮ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.